ਪਹਿਰੇਦਾਰ

Page 8 (1)-page-001
27 Aug 2023

# ਸਰਕਾਰੀ ਕਾਲਜ ਅਮਰਗੜ੍ਹ ਵਿਖੇ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਸੈਮੀਨਾਰ

ਅਮਰਗੜ੍ਹ 26 ਅਗਸਤ (ਗੁਰਜੰਟ ਸਿੰਘ ਢਢੋਗਲ) ਸਰਕਾਰੀ ਕਾਲਜ, ਅਮਰਗੜ੍ਹ ਵਿਖੇ 'ਕੌਮੀ ਸੇਵਾ ਯੋਜਨਾ' ਵਿਭਾਗ ਅਤੇ 'ਏਕ ਭਾਰਤ ਸ੍ਰੇਸ਼ਟ ਭਾਰਤ' ਵੱਲੋਂ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਸੈਮੀਨਾਰ ਪ੍ਰਿੰਸੀਪਲ ਪ੍ਰੋ.ਮੀਨੂੰ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ.ਮੀਨੂੰ ਨੇ ਵਲੰਟੀਅਰਜ਼ ਨੂੰ ਝੋਨੇ ਦੀ ਪਰਾਲੀ ਨੂੰ ਲਗਾਈ ਜਾ ਰਹੀ ਅੱਗ ਦੇ ਮਨੁੱਖੀ ਸ਼ਰੀਰ 'ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ। ਉਹਨਾਂ ਕਿਹਾ ਕਿ ਪਰਾਲੀ ਨੂੰ ਪਹਿਲਾਂ ਵੀ ਸਾੜਿਆ ਜਾਂਦਾ ਸੀ ਪਰ ਹੁਣ ਝੋਨੇ ਦੀ ਲੇਟ ਬਿਜਾਈ ਕਾਰਨ ਸੀਜ਼ਨ ਛੋਟਾ ਹੋ ਜਾਣ ਕਰਕੇ ਥੋੜੇ ਸਮੇਂ ਦੇ ਅੰਦਰ ਸਾਰੇ ਹੀ ਕਿਸਾਨਾਂ ਵੱਲੋਂ ਇਕੋ ਵਾਰ ਅੱਗ ਲਗਾ ਦੇਣ ਨਾਲ ਇਹ ਸਮੱਸਿਆ ਪਹਿਲਾਂ ਨਾਲੋਂ ਜ਼ਿਆਦਾ ਵਿਕਰਾਲ ਰੂਪ ਧਾਰਨ ਕਰ ਰਹੀ ਹੈ। ਉਹਨਾਂ ਕਿਹਾ ਕਿ ਪਰਾਲੀ ਦੇ ਧੂੰਏ ਕਾਰਨ ਜਿੱਥੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਉੱਥੇ ਜ਼ਮੀਨ ਵਿਚ ਪੈਦਾ ਹੁੰਦੇ ਸਾਡੇ ਮਿੱਤਰ ਕੀੜੇ ਵੀ ਮਰ ਰਹੇ ਹਨ ਤੇ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਦਿਨ ਬ ਦਿਨ ਘੱਟਦੀ ਜਾ ਰਹੀ ਹੈ ਅਤੇ ਇਸ ਦਾ ਨਤੀਜਾ ਇਹ ਹੈ ਕਿ ਹੁਣ ਫਸਲਾਂ ਤੋਂ ਝਾੜ ਵੱਧ ਲੈਣ ਲਈ ਰਸਾਇਣਿਕ ਖਾਦਾਂ ਦੀ ਵਰਤੋਂ ਵੱਧਦੀ ਜਾ ਰਹੀ ਹੈ ਤੇ ਮੁੜ ਇਹ ਵੱਧ ਖਾਦਾਂ ਵਾਲੀਆਂ ਖਾਧ ਵਸਤਾਂ ਨੂੰ ਖਾਣ ਨਾਲ ਮਨੁੱਖਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ.ਤੇਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਅਜਿਹੀਆਂ ਮਸ਼ੀਨਰੀਆਂ ਉਪਲੱਬਧ ਕਰਵਾ ਰਹੀ ਹੈ ਜਿਸ ਨਾਲ ਪਰਾਲੀ ਨੂੰ ਜ਼ਮੀਨ ਦੇ ਵਿਚ ਹੀ ਵਾਹੁਣ ਨਾਲ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਵੱਧੇਗੀ ਤੇ ਪੰਜਾਬ ਧੂੰਆਂ ਮੁਕਤ ਵੀ ਹੋ ਸਕੇਗਾ। ਉਹਨਾਂ ਵਲੰਟੀਅਰਜ਼ ਨੂੰ ਤਾਕੀਦ ਕੀਤੀ ਕਿ ਉਹ ਇਹ ਸਾਰੀ ਜਾਣਕਾਰੀ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨਾਲ ਸਾਂਝੀ ਕਰਨ ਤਾਂ ਕਿ ਕਿਸਾਨ ਇਸ ਪਰਾਲੀ ਸਾੜਨ ਦੇ ਵਰਤਾਰੇ ਨੂੰ ਰੋਕ ਕੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਖੇਤੀ ਕਰਨਾ ਯਕੀਨੀ ਬਣਾਉਣ। ਇਸ ਮੌਕੇ ਕੌਮੀ ਸੇਵਾ ਯੋਜਨਾ ਪ੍ਰੋਗਰਾਮ ਅਫ਼ਸਰ ਡਾ.ਕਮਲਜੀਤ ਸਿੰਘ ਨੇ ਕਿਸਾਨਾਂ ਵੱਲੋਂ ਪਰਾਲੀ ਸਾੜੇ ਜਾਣ ਦੇ ਦੁਸ਼ਪ੍ਰਭਾਵਾਂ ਨੂੰ ਆਂਕੜਿਆਂ ਦੇ ਆਧਾਰ 'ਤੇ ਦੱਸਦਿਆਂ ਵਿਦਿਆਰਥੀਆਂ ਨੂੰ ਇਸ ਦੇ ਗੰਭੀਰ ਨਤੀਜਿਆਂ ਬਾਰੇ ਜਾਗਰੂਕ ਕੀਤਾ। ਇਸ ਦੌਰਾਨ ਬੀ.ਏ.ਭਾਗ ਪਹਿਲਾ ਦੇ ਵਿਦਿਆਰਥੀ ਜਗਤਾਰ ਸਿੰਘ ਨੇ ਵੀ ਪਰਾਲੀ ਸਾੜਨ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ.ਬਲਜੀਤ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਡਾ.ਅਮਨਦੀਪ ਵਾਤਿਸ਼, ਪ੍ਰੋ.ਜਗਜੀਤ ਸਿੰਘ ਹਰੀ, ਪ੍ਰੋ.ਰਮਨਦੀਪ ਸਿੰਘ, ਪ੍ਰੋ.ਸੋਨੀਆ ਗੱਖੜ, ਗੁਰਦੀਪ ਸਿੰਘ, ਸੰਦੀਪ ਸਿੰਘ, ਪ੍ਰੋ.ਮਨਜਿੰਦਰ ਸਿੰਘ, ਪ੍ਰੋ.ਨੇਹਾ, ਮੈਡਮ ਸ਼ਵੇਤਾ ਜੈਨ ਅਤੇ ਵਲੰਟੀਅਰਜ਼ ਹਾਜ਼ਰ ਰਹੇ।



# ਸਰਕਾਰੀ ਕਾਲਜ ਵਿਖੇ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ

**ਅਮਰਗੜ੍ਹ 26 ਅਗਸਤ**
**(ਸੰਜੇ ਅਬਰੋਲ)**




ਸਰਕਾਰੀ ਕਾਲਜ ਵਿਖੇ 'ਕੌਮੀ ਸੇਵਾ ਯੋਜਨਾ' ਵਿਭਾਗ ਅਤੇ 'ਏਕ ਭਾਰਤ ਸ੍ਰੇਸਟ ਭਾਰਤ' ਵੱਲੋਂ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਸੈਮੀਨਾਰ ਪ੍ਰਿੰਸੀਪਲ ਪ੍ਰੋ.ਮੀਨੂੰ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ । ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ.ਮੀਨੂੰ ਨੇ ਵਲੰਟੀਅਰਜ ਨੂੰ ਝੋਨੇ ਦੀ ਪਰਾਲੀ ਨੂੰ ਲਗਾਈ ਜਾ ਰਹੀ ਅੱਗ ਦੇ ਮਨੁੱਖੀ ਸ਼ਰੀਰ 'ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ । ਉਹਨਾਂ ਕਿਹਾ ਕਿ ਪਰਾਲੀ ਨੂੰ ਪਹਿਲਾਂ ਵੀ ਸਾੜਿਆ ਜਾਂਦਾ ਸੀ ਪਰ ਹੁਣ ਝੋਨੇ ਦੀ ਲੇਟ ਬਿਜਾਈ ਕਾਰਨ ਸੀਜ਼ਨ ਛੋਟਾ ਹੋ ਜਾਣ ਕਰਕੇ ਥੋੜੇ ਸਮੇਂ ਦੇ ਅੰਦਰ ਸਾਰੇ ਹੀ ਕਿਸਾਨਾਂ ਵੱਲੋਂ ਇਕੋ ਵਾਰ ਅੱਗ ਲਗਾ ਦੇਣ ਨਾਲ ਇਹ ਸਮੱਸਿਆ ਪਹਿਲਾਂ ਨਾਲੋਂ ਜ਼ਿਆਦਾ ਵਿਕਰਾਲ ਰੂਪ ਧਾਰਨ ਕਰ ਰਹੀ ਹੈ। ਉਹਨਾਂ ਕਿਹਾ ਕਿ ਪਰਾਲੀ ਦੇ ਧੂੰਏ ਕਾਰਨ ਜਿੱਥੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਉੱਥੇ ਜ਼ਮੀਨ ਵਿਚ ਪੈਦਾ ਹੁੰਦੇ ਸਾਡੇ ਮਿੱਤਰ ਕੀੜੇ ਵੀ ਮਰ ਰਹੇ ਹਨ ਤੇ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਦਿਨ ਬ ਦਿਨ ਘੱਟਦੀ ਜਾ ਰਹੀ ਹੈ ਅਤੇ ਇਸ ਦਾ ਨਤੀਜਾ ਇਹ ਹੈ ਕਿ ਹੁਣ ਫਸਲਾਂ ਤੋਂ ਝਾੜ ਵੱਧ ਲੈਣ ਲਈ ਰਸਾਇਣਿਕ ਖਾਦਾਂ ਦੀ ਵਰਤੋਂ ਵੱਧਦੀ ਜਾ ਰਹੀ ਹੈ ਤੇ ਮੁੜ ਇਹ ਵੱਧ ਖਾਦਾਂ ਵਾਲੀਆਂ ਖਾਧ ਵਸਤਾਂ ਨੂੰ ਖਾਣ ਨਾਲ ਮਨੁੱਖਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਅਜਿਹੀਆਂ ਮਸ਼ੀਨਰੀਆਂ ਉਪਲੱਬਦ ਕਰਵਾ ਰਹੀ ਹੈ ਜਿਸ ਨਾਲ ਪਰਾਲੀ ਨੂੰ ਜ਼ਮੀਨ ਦੇ ਵਿਚ ਹੀ ਵਾਉਣ ਨਾਲ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਵੱਧੇਗੀ ਤੇ ਪੰਜਾਬ ਧੂੰਆਂ ਮੁਕਤ ਵੀ ਹੋ ਸਕੇਗਾ। ਉਹਨਾਂ ਵਲੰਟੀਅਰਜ ਨੂੰ ਤਾਕੀਦ ਕੀਤੀ ਕਿ ਉਹ ਇਹ ਸਾਰੀ ਜਾਣਕਾਰੀ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨਾਲ ਸਾਂਝੀ ਕਰਨ ਤਾਂ ਕਿ ਕਿਸਾਨ ਇਸ ਪਰਾਲੀ ਸਾੜਨ ਦੇ ਵਰਤਾਰੇ ਨੂੰ ਰੋਕ ਕੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਖੇਤੀ ਕਰਨਾ ਯਕੀਨੀ ਬਣਾਉਣ । ਇਸ ਮੌਕੇ ਕੌਮੀ ਸੇਵਾ ਯੋਜਨਾ ਪ੍ਰੋਗਰਾਮ ਅਫਸਰ ਨੇ ਕਿਸਾਨਾਂ ਵੱਲੋਂ ਪਰਾਲੀ ਸਾੜੇ ਜਾਣ ਦੇ ਦੁਸ਼ਪ੍ਰਭਾਵਾਂ ਨੂੰ ਆਂਕੜਿਆਂ ਦੇ ਆਧਾਰ 'ਤੇ ਦੱਸਦਿਆਂ ਵਿਦਿਆਰਥੀਆਂ ਨੂੰ ਇਸ ਦੇ ਗੰਭੀਰ ਨਤੀਜਿਆਂ ਬਾਰੇ ਜਾਗਰੂਕ ਕੀਤਾ । ਇਸ ਦੌਰਾਨ ਬੀ.ਏ.ਭਾਗ ਪਹਿਲਾ ਦੇ ਵਿਦਿਆਰਥੀ ਜਗਤਾਰ ਸਿੰਘ ਨੇ ਵੀ ਪਰਾਲੀ ਸਾੜਨ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਡਾ.ਅਮਨਦੀਪ ਵਾਤਿਸ, ਪ੍ਰੋ.ਜਗਜੀਤ ਸਿੰਘ ਹਰੀ, ਪ੍ਰੋ.ਰਮਨਦੀਪ ਸਿੰਘ, ਪ੍ਰੋ.ਸੋਨੀਆ ਗੱਖੜ, ਗੁਰਦੀਪ ਸਿੰਘ, ਸੰਦੀਪ ਸਿੰਘ, ਪ੍ਰੋ.ਮਨਜਿੰਦਰ ਸਿੰਘ, ਪ੍ਰੋ.ਨੇਹਾ, ਮੈਡਮ ਸਵੇਤਾ ਜੈਨ ਅਤੇ ਵਲੰਟੀਅਰਜ ਹਾਜਰ ਰਹੇ।

# ਅਮਰਗੜ੍ਹ ਸਰਕਾਰੀ ਕਾਲਜ ਵਿਖੇ ਪਰਾਲੀ ਨਾ ਸਾੜਨ ਸਬੰਧੀ ਸੈਮੀਨਾਰ




ਅਮਰਗੜ੍ਹ 26 ਅਗਸਤ (ਸਤਵੰਤ ਸਿੰਘ ਭੁੱਲਰਾ ) ਸਰਕਾਰੀ ਕਾਲਜ, ਅਮਰਗੜ੍ਹ ਵਿਖੇ 'ਕੌਮੀ ਸੇਵਾ ਯੋਜਨਾ' ਵਿਭਾਗ ਅਤੇ 'ਏਕ ਭਾਰਤ ਸ੍ਰੇਸ਼ਟ ਭਾਰਤ' ਵੱਲੋਂ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਸੈਮੀਨਾਰ ਪ੍ਰਿੰਸੀਪਲ ਪ੍ਰੋ.ਮੀਨੂੰ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ । ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ.ਮੀਨੂੰ ਨੇ ਵਲੰਟੀਅਰਜ ਨੂੰ ਝੋਨੇ ਦੀ ਪਰਾਲੀ ਨੂੰ ਲਗਾਈ ਜਾ ਰਹੀ ਅੱਗ ਦੇ ਮਨੁੱਖੀ ਸ਼ਰੀਰ 'ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ । ਉਹਨਾਂ ਕਿਹਾ ਕਿ ਪਰਾਲੀ ਨੂੰ ਪਹਿਲਾਂ ਵੀ ਸਾੜਿਆ ਜਾਂਦਾ ਸੀ ਪਰ ਹੁਣ ਝੋਨੇ ਦੀ ਲੇਟ ਬਿਜਾਈ ਕਾਰਨ ਸੀਜ਼ਨ ਛੋਟਾ ਹੋ ਜਾਣ ਕਰਕੇ ਥੋੜੇ ਸਮੇਂ ਦੇ ਅੰਦਰ ਸਾਰੇ ਹੀ ਕਿਸਾਨਾਂ ਵੱਲੋਂ ਇਕੋ ਵਾਰ ਅੱਗ ਲਗਾ ਦੇਣ ਨਾਲ ਇਹ ਸਮੱਸਿਆ ਪਹਿਲਾਂ ਨਾਲੋਂ ਜ਼ਿਆਦਾ ਵਿਕਰਾਲ ਰੂਪ ਧਾਰਨ ਕਰ ਰਹੀ ਹੈ। ਉਹਨਾਂ ਕਿਹਾ ਕਿ ਪਰਾਲੀ ਦੇ ਧੂੰਏ ਕਾਰਨ ਜਿੱਥੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਉੱਥੇ ਜ਼ਮੀਨ ਵਿਚ ਪੈਦਾ ਹੁੰਦੇ ਸਾਡੇ ਮਿੱਤਰ ਕੀੜੇ ਵੀ ਮਰ ਰਹੇ ਹਨ ਤੇ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਦਿਨ ਬ ਦਿਨ ਘੱਟਦੀ ਜਾ ਰਹੀ ਹੈ ਅਤੇ ਇਸ ਦਾ ਨਤੀਜਾ ਇਹ ਹੈ ਕਿ ਹੁਣ ਫਸਲਾਂ ਤੋਂ ਝਾੜ ਵੱਧ ਲੈਣ ਲਈ ਰਸਾਇਣਿਕ ਖਾਦਾਂ ਦੀ ਵਰਤੋਂ ਵੱਧਦੀ ਜਾ ਰਹੀ ਹੈ ਤੇ ਮੁੜ ਇਹ ਵੱਧ ਖਾਦਾਂ ਵਾਲੀਆਂ ਖਾਧ ਵਸਤਾਂ ਨੂੰ ਖਾਣ ਨਾਲ ਮਨੁੱਖਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ.ਤੇਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਅਜਿਹੀਆਂ ਮਸ਼ੀਨਰੀਆਂ ਉਪਲੱਬਧ ਕਰਵਾ ਰਹੀ ਹੈ ਜਿਸ ਨਾਲ ਪਰਾਲੀ ਨੂੰ ਜ਼ਮੀਨ ਦੇ ਵਿਚ ਹੀ ਵਾਉਣ ਨਾਲ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਵੱਧੇਗੀ ਤੇ ਪੰਜਾਬ ਧੂੰਆਂ ਮੁਕਤ ਵੀ ਹੋ ਸਕੇਗਾ। ਉਹਨਾਂ ਵਲੰਟੀਅਰਜ ਨੂੰ ਤਾਕੀਦ ਕੀਤੀ ਕਿ ਉਹ ਇਹ ਸਾਰੀ ਜਾਣਕਾਰੀ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨਾਲ ਸਾਂਝੀ ਕਰਨ ਤਾਂ ਕਿ ਕਿਸਾਨ ਇਸ ਪਰਾਲੀ ਸਾੜਨ ਦੇ ਵਰਤਾਰੇ ਨੂੰ ਰੋਕ ਕੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਖੇਤੀ ਕਰਨਾ ਯਕੀਨੀ ਬਣਾਉਣ । ਇਸ ਮੌਕੇ ਕੌਮੀ ਸੇਵਾ ਯੋਜਨਾ ਪ੍ਰੋਗਰਾਮ ਅਫਸਰ ਡਾ.ਕਮਲਜੀਤ ਸਿੰਘ ਨੇ ਕਿਸਾਨਾਂ ਵੱਲੋਂ ਪਰਾਲੀ ਸਾੜੇ ਜਾਣ ਦੇ ਦੁਸ਼ਪ੍ਰਭਾਵਾਂ ਨੂੰ ਆਂਕੜਿਆਂ ਦੇ ਆਧਾਰ 'ਤੇ ਦੱਸਦਿਆਂ ਵਿਦਿਆਰਥੀਆਂ ਨੂੰ ਇਸ ਦੇ ਗੰਭੀਰ ਨਤੀਜਿਆਂ ਬਾਰੇ ਜਾਗਰੂਕ ਕੀਤਾ । ਇਸ ਦੌਰਾਨ ਬੀ.ਏ.ਭਾਗ ਪਹਿਲਾ ਦੇ ਵਿਦਿਆਰਥੀ ਜਗਤਾਰ ਸਿੰਘ ਨੇ ਵੀ ਪਰਾਲੀ ਸਾੜਨ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ.ਬਲਜੀਤ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਡਾ.ਅਮਨਦੀਪ ਵਾਤਿਸ, ਪ੍ਰੋ.ਜਗਜੀਤ ਸਿੰਘ ਹਰੀ, ਪ੍ਰੋ.ਰਮਨਦੀਪ ਸਿੰਘ, ਪ੍ਰੋ.ਸੋਨੀਆ ਗੱਖੜ, ਗੁਰਦੀਪ ਸਿੰਘ, ਸੰਦੀਪ ਸਿੰਘ, ਪ੍ਰੋ.ਮਨਜਿੰਦਰ ਸਿੰਘ, ਪ੍ਰੋ.ਨੇਹਾ, ਮੈਡਮ ਸਵੇਤਾ ਜੈਨ ਅਤੇ ਵਲੰਟੀਅਰਜ ਹਾਜਰ ਰਹੇ।

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com

# ਸਰਕਾਰੀ ਕਾਲਜ ਅਮਰਗੜ੍ਹ ਵਿਖੇ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਸੈਮੀਨਾਰ

ਅਮਰਗੜ੍ਹ 26 ਅਗਸਤ ( ਗੁਰਜੰਟ ਸਿੰਘ ਢਢੋਗਲ)ਸਰਕਾਰੀ ਕਾਲਜ, ਅਮਰਗੜ੍ਹ ਵਿਖੇ 'ਕੌਮੀ ਸੇਵਾ ਯੋਜਨਾ' ਵਿਭਾਗ ਅਤੇ 'ਏਕ ਭਾਰਤ ਸ੍ਰੇਸ਼ਟ ਭਾਰਤ' ਵੱਲੋਂ ਪਰਾਲੀ ਨਾ ਸਾੜਨ ਸਬੰਧੀ ਜਾਗਰੂਕਤਾ ਸੈਮੀਨਾਰ ਪ੍ਰਿੰਸੀਪਲ ਪ੍ਰੋ.ਮੀਨੂੰ ਦੀ ਯੋਗ ਅਗਵਾਈ ਹੇਠ ਲਗਾਇਆ ਗਿਆ । ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ.ਮੀਨੂੰ ਨੇ ਵਲੰਟੀਅਰਜ਼ ਨੂੰ ਝੋਨੇ ਦੀ ਪਰਾਲੀ ਨੂੰ ਲਗਾਈ ਜਾ ਰਹੀ ਅੱਗ ਦੇ ਮਨੁੱਖੀ ਸ਼ਰੀਰ 'ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ । ਉਹਨਾਂ ਕਿਹਾ ਕਿ ਪਰਾਲੀ ਨੂੰ ਪਹਿਲਾਂ ਵੀ ਸਾੜਿਆ ਜਾਂਦਾ ਸੀ ਪਰ ਹੁਣ ਝੋਨੇ ਦੀ ਲੇਟ ਬਿਜਾਈ ਕਾਰਨ ਸੀਜ਼ਨ ਛੋਟਾ ਹੋ ਜਾਣ ਕਰਕੇ ਥੋੜੇ ਸਮੇਂ ਦੇ ਅੰਦਰ ਸਾਰੇ ਹੀ ਕਿਸਾਨਾਂ ਵੱਲੋਂ ਇਕੋ ਵਾਰ ਅੱਗ ਲਗਾ ਦੇਣ ਨਾਲ ਇਹ ਸਮੱਸਿਆ ਪਹਿਲਾਂ ਨਾਲੋਂ ਜ਼ਿਆਦਾ ਵਿਕਰਾਲ ਰੂਪ ਧਾਰਨ ਕਰ ਰਹੀ ਹੈ। ਉਹਨਾਂ ਕਿਹਾ ਕਿ ਪਰਾਲੀ ਦੇ ਧੂੰਏ ਕਾਰਨ ਜਿੱਥੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਉੱਥੇ



ਜ਼ਮੀਨ ਵਿਚ ਪੈਦਾ ਹੁੰਦੇ ਸਾਡੇ ਮਿੱਤਰ ਕੀੜੇ ਵੀ ਮਰ ਰਹੇ ਹਨ ਤੇ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਦਿਨ ਬ ਦਿਨ ਘੱਟਦੀ ਜਾ ਰਹੀ ਹੈ ਅਤੇ ਇਸ ਦਾ ਨਤੀਜਾ ਇਹ ਹੈ ਕਿ ਹੁਣ ਫਸਲਾਂ ਤੋਂ ਝਾੜ ਵੱਧ ਲੈਣ ਲਈ ਰਸਾਇਣਿਕ ਖਾਦਾਂ ਦੀ ਵਰਤੋਂ ਵੱਧਦੀ ਜਾ ਰਹੀ ਹੈ ਤੇ ਮੁੜ ਇਹ ਵੱਧ ਖਾਦਾਂ ਵਾਲੀਆਂ ਖਾਧ ਵਸਤਾਂ ਨੂੰ ਖਾਣ ਨਾਲ ਮਨੁੱਖਾਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ.ਤੇਜਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਅਜਿਹੀਆਂ ਮਸ਼ੀਨਰੀਆਂ ਉਪਲੱਬਦ ਕਰਵਾ ਰਹੀ ਹੈ ਜਿਸ ਨਾਲ ਪਰਾਲੀ ਨੂੰ ਜ਼ਮੀਨ ਦੇ ਵਿਚ ਹੀ ਵਾਹੁਣ ਨਾਲ ਜਿੱਥੇ ਧਰਤੀ ਦੀ ਉਪਜਾਊ ਸ਼ਕਤੀ ਵੱਧੇਗੀ ਤੇ ਪੰਜਾਬ ਧੂੰਆਂ ਮੁਕਤ ਵੀ ਹੋ ਸਕੇਗਾ। ਉਹਨਾਂ ਵਲੰਟੀਅਰਜ਼ ਨੂੰ ਤਾਕੀਦ ਕੀਤੀ ਕਿ ਉਹ ਇਹ ਸਾਰੀ ਜਾਣਕਾਰੀ ਆਪਣੇ ਮਾਪਿਆਂ ਅਤੇ ਰਿਸ਼ਤੇਦਾਰਾਂ ਨਾਲ ਸਾਂਝੀ ਕਰਨ ਤਾਂ ਕਿ ਕਿਸਾਨ ਇਸ ਪਰਾਲੀ ਸਾੜਨ ਦੇ ਵਰਤਾਰੇ ਨੂੰ ਰੋਕ ਕੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਖੇਤੀ ਕਰਨਾ ਯਕੀਨੀ ਬਣਾਉਣ । ਇਸ ਮੌਕੇ ਕੌਮੀ ਸੇਵਾ ਯੋਜਨਾ ਪ੍ਰੋਗਰਾਮ ਅਫ਼ਸਰ ਡਾ.ਕਮਲਜੀਤ ਸਿੰਘ ਨੇ ਕਿਸਾਨਾਂ ਵੱਲੋਂ ਪਰਾਲੀ ਸਾੜੇ ਜਾਣ ਦੇ ਦੁਸ਼ਪ੍ਰਭਾਵਾਂ ਨੂੰ ਆਂਕੜਿਆਂ ਦੇ ਆਧਾਰ 'ਤੇ ਦੱਸਦਿਆਂ ਵਿਦਿਆਰਥੀਆਂ ਨੂੰ ਇਸ ਦੇ ਗੰਭੀਰ ਨਤੀਜਿਆਂ ਬਾਰੇ ਜਾਗਰੂਕ ਕੀਤਾ । ਇਸ ਦੌਰਾਨ ਬੀ.ਏ ਭਾਗ ਪਹਿਲਾ ਦੇ ਵਿਦਿਆਰਥੀ ਜਗਤਾਰ ਸਿੰਘ ਨੇ ਵੀ ਪਰਾਲੀ ਸਾੜਨ ਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋ.ਬਲਜੀਤ ਕੌਰ ਵੱਲੋਂ ਨਿਭਾਈ ਗਈ। ਇਸ ਮੌਕੇ ਡਾ.ਅਮਨਦੀਪ ਵਾਤਿਸ਼, ਪ੍ਰੋ.ਜਗਜੀਤ ਸਿੰਘ ਹਰੀ, ਪ੍ਰੋ.ਰਮਨਦੀਪ ਸਿੰਘ, ਪ੍ਰੋ.ਸੋਨੀਆ ਗੱਖੜ, ਗੁਰਦੀਪ ਸਿੰਘ, ਸੰਦੀਪ ਸਿੰਘ, ਪ੍ਰੋ.ਮਨਜਿੰਦਰ ਸਿੰਘ, ਪ੍ਰੋ.ਨੇਹਾ, ਮੈਡਮ ਸ਼ਵੇਤਾ ਜੈਨ ਅਤੇ ਵਲੰਟੀਅਰਜ਼ ਹਾਜ਼ਰ ਰਹੇ।